ਨੰ: 1/13/2004-ਰਸ 1/1319-1323

ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ
ਡਵੀਜ਼ਨਾਂ ਦੇ ਕਮਿਸ਼ਨਰ,
ਡਿਪਟੀ ਕਮਿਸ਼ਨਰ, ਰਜਿਸਟਰਾਰ
ਪੰਜਾਬ ਤੇ ਹਰਿਆਣਾ ਹਾਈ ਕੋਰਟ
ਜ਼ਿਲ੍ਹਾ ਤੇ ਸੈਸ਼ਨ ਜੱਜ/ਉਪ ਮੰਡਲ ਅਫਸਰ (ਸਿਵਲ)

ਮਿਤੀ, ਚੰਡੀਗੜ੍ਹ 19-10-2004

**ਵਿਸ਼ਾ:- ਪੰਜਾਬ ਸਰਕਾਰ ਦੀਆਂ ਸੇਵਾਵਾਂ ਵਿੱਚ ਅਨੁਸੂਚਿਤ-ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਵਾਸਤੇ ਜਾਰੀ ਕੀਤੀਆਂ, ਰਿਜਰਵੇਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਬਾਰੇ ।**

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ: 1494-ਐਸ ਡਬਲਯੂ-1-74/8105 ਮਿਤੀ 4-5-1974, ਨੰ: 890-ਐਸ. ਡਬਲਯੂ-1-74/10619, ਮਿਤੀ 6-6-1974 ਅਤੇ ਨੰ: 7/1/90-ਆਰ. ਸੀ.-1/11374, ਮਿਤੀ 30-12-96 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਵੱਲ ਦਿਵਾ ਕੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਪੰਜਾਬ ਸਰਕਾਰ ਵਲੋਂ ਅਨੁਸੂਚਿਤ-ਜਾਤੀਆਂ ਅਤੇ ਪੱਛੜੀਆਂ-ਸ਼੍ਰੇਣੀਆਂ ਨੂੰ ਸੇਵਾਵਾਂ (ਸਿੱਧੀ ਭਰਤੀ ਅਤੇ ਤਰੱਕੀਆਂ) ਵਿੱਚ ਰਿਜ਼ਰਵੇਸ਼ਨ ਦਿੱਤੇ ਜਾਣ ਲਈ ਨੀਤੀ ਤੈਅ ਕੀਤੀ ਗਈ ਹੈ, ਅਤੇ ਪੰਜਾਬ ਸਰਕਾਰ ਵਲੋਂ ਜਾਰੀ ਕੀਤੀ ਗਈ ਰਿਜ਼ਰਵੇਸ਼ਨ ਨੀਤੀ/ਹਦਾਇਤਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਬਾਰੇ ਪੱਤਰ ਨੰ: 400-ਵਕਅ (3)-69/14141, ਮਿਤੀ 27-5-1969 ਰਾਹੀਂ ਲਿਖਿਆ ਗਿਆ ਸੀ, ਤਾਂ ਕਿ ਰਿਜ਼ਰਵ ਵਰਗ ਨੂੰ ਸੇਵਾਵਾਂ ਤੇ ਆਸਾਮੀਆਂ ਵਿੱਚ ਬਣਦੀ ਪ੍ਰਤੀਨਿਧਤਾ ਮਿਲ ਸਕੇ । ਇਸ ਦੇ ਨਾਲ ਹੀ ਇਹ ਵੀ ਸੂਚਿਤ ਕੀਤਾ ਗਿਆ ਸੀ ਕਿ ਜਿਹੜੇ ਸਰਕਾਰੀ ਅਧਿਕਾਰੀ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨ ਵਿੱਚ ਕੁਤਾਹੀ ਕਰਨਗੇ, ਉਨ੍ਹਾਂ ਵਿਰੁਧ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ । ਪਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਵਿਭਾਗਾਂ ਵਲੋਂ ਰਿਜ਼ਰਵੇਸ਼ਨ ਸਬੰਧੀ ਹਦਾਇਤਾਂ ਦੀ ਸੁਹਿਰਦਤਾ ਨਾਲ ਪਾਲਣਾ ਨਹੀਂ ਕੀਤੀ ਜਾਂਦੀ, ਜਿਸ ਕਾਰਨ ਅਨੁਸੂਚਿਤ-ਜਾਤੀ ਅਤੇ ਪੱਛੜੀ-ਸ਼੍ਰੇਣੀ ਵਰਗ ਨੂੰ ਰਾਖਵਾਂ ਕਰਨ ਨੀਤੀ ਅਨੁਸਾਰ ਰਾਜ ਦੀਆਂ ਸੇਵਾਵਾਂ ਅਤੇ ਆਸਾਮੀਆਂ ਵਿੱਚ ਬਣਦੀ ਪ੍ਰਤੀਨਿਧਤਾ ਨਹੀਂ ਮਿਲਦੀ । ਪੰਜਾਬ ਸਰਕਾਰ, ਰਾਜ ਦੀਆਂ ਸੇਵਾਵਾਂ ਤੇ ਆਸਾਮੀਆਂ (ਸਿੱਧੀ ਭਰਤੀ ਅਤੇ ਤਰੱਕੀਆਂ) ਵਿੱਚ ਅਨੁਸੂਚਿਤ-ਜਾਤੀਆਂ ਅਤੇ ਪੱਛੜੀਆਂ-ਸ਼੍ਰੇਣੀਆਂ ਨੂੰ ਯੋਗ ਪ੍ਰਤੀਨਿਧਤਾ ਦਿੱਤੇ ਜਾਣ ਲਈ ਵਚਨ ਬੱਧ ਹੈ ।

2. ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਲਾਈ ਵਿਭਾਗ, ਪੰਜਾਬ ਵਲੋਂ ਰਿਜ਼ਰਵੇਸ਼ਨ ਸਬੰਧੀ ਸਮੇਂ-ਸਮੇ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ, ਜੋ ਸਰਕਾਰੀ ਦਫਤਰਾਂ/ਅਦਾਰਿਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਬੋਰਡਾਂ,

ਕਾਰਪੋਰੇਸ਼ਨਾਂ, ਜ਼ਿਲ੍ਹਾ-ਪ੍ਰੀਸ਼ਦਾਂ, ਮਿਊਂਸਪਲ ਕਮੇਟੀਆਂ, ਪੰਚਾਇਤ ਸੰਮਤੀਆਂ ਅਤੇ ਹੋਰ ਆਟੋਨਾਮਸ ਬਾਡੀਜ਼ ਆਦਿ ਦੀਆਂ ਸੇਵਾਵਾਂ ਵਿਚ ਲਾਗੂ ਹਨ, ਦੀ ਇੰਨ-ਇੰਨ ਪਾਲਣਾ ਕੀਤੀ ਜਾਵੇ ਅਤੇ ਰਿਜ਼ਰਵ ਵਰਗਾਂ ਨੂੰ ਨਿਸ਼ਚਤ ਕੀਤੇ ਰੋਸਟਰ ਨੁਕਤਿਆਂ(100 ਨੁਕਾਤੀ ਰੋਸਟਰ) ਅਨੁਸਾਰ ਹੀ ਰਾਖਵਾਂ ਕਰਨ ਦਿੱਤਾ ਜਾਵੇ ।

3. ਇਥੇ ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਵਿਭਾਗ/ਅਧਿਕਾਰੀ, ਰਿਜ਼ਰਵੇਸ਼ਨ ਨੀਤੀ ਦੀ ਪਾਲਣਾ ਨਹੀਂ ਕਰਨਗੇ/ਉਲੰਘਣਾ ਕਰਨਗੇ, ਉਨ੍ਹਾਂ ਵਿਰੁੱਧ ਨਾ ਪਾਲਣਾ ਕਰਕੇ, ਪਾਸ ਕੀਤੇ ਗਏ ਹੁਕਮਾਂ ਉਪਰੰਤ ਪ੍ਰਸ਼ਾਸਨਿਕ ਅਤੇ ਕਾਨੂੰਨੀ ਅੜਚਨਾਂ ਬਾਰੇ ਸਬੰਧਤ ਮਹਿਕਮਾ ਆਪ ਜੁੰਮੇਵਾਰ ਹੋਵੇਗਾ ।

ਵਿਸ਼ਵਾਸਪਾਤਰ
ਸਹੀ/-
(ਰਾਮ ਆਸਰਾ ਗਰਗ)
ਉਪ ਸਕੱਤਰ ਭਲਾਈ ।

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਸਹੀ/-
ਉਪ ਸਕੱਤਰ ਭਲਾਈ ।

ਸੇਵਾ ਵਿਖੇ,
(1) ਰਾਜ ਦੇ ਸਮੂਹ ਵਿੱਤੀ ਕਮਿਸ਼ਨਰ ।
(2) ਰਾਜ ਦੇ ਸਮੂਹ ਪ੍ਰਮੁੱਖ ਸਕੱਤਰ ।
(3) ਰਾਜ ਦੇ ਸਮੂਹ ਪ੍ਰਬੰਧਕੀ ਸਕੱਤਰ ।

ਅੰ: ਵਿ: ਪੱ: ਨੰ: 1/13/2004-ਰਸ 1/1324-1326 ਮਿਤੀ 19-10-2004
ਪਿਠ ਅੰ: ਨੰ: 1/13/2004-ਰਸ 1/1327 ਮਿਤੀ 19-10-2004

ਇਸ ਦਾ ਇਕ ਉਤਾਰਾ ਡਾਇਰੈਕਟਰ, ਅਨੁਸੂਚਿਤ-ਜਾਤੀਆਂ ਅਤੇ ਪੱਛੜੀਆਂ-ਸ਼੍ਰੇਣੀਆਂ ਭਲਾਈ ਵਿਭਾਗ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਸਹੀ/-
ਉਪ ਸਕੱਤਰ ਭਲਾਈ ।

ਪਿਠ ਅੰ: ਨੰ: 1/13/2004-ਰਸ 1/1328 ਮਿਤੀ 19-10-2004

ਇਸ ਦਾ ਇਕ ਉਤਾਰਾ ਮੈਂਬਰ ਸਕੱਤਰ, ਪੰਜਾਬ ਸਟੇਟ ਸ਼ਡਿਊਲਡ ਕਾਸਟ ਕਮਿਸ਼ਨ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਸਹੀ/-
ਉਪ ਸਕੱਤਰ ਭਲਾਈ ।